# ਅਲਬਰਟਾ ਦੇ ਕਲਾਸਰੂਮਾਂ ਲਈ ਵਧੇਰੇ ਫੰਡਿੰਗ

ਨਿਊਜ਼ ਰਿਲੀਜ਼

23 ਮਾਰਚ, 2023

---

ਅਲਬਰਟਾ ਦੀ ਸਰਕਾਰ ਕਲਾਸਰੂਮ ਦੀਆਂ ਜਟਿਲਤਾਵਾਂ ਨੂੰ ਹੱਲ ਕਰਨ ਲਈ ਅਗਲੇ ਤਿੰਨ ਸਾਲਾਂ ਵਿੱਚ ਫੰਡਿੰਗ ਵਧਾ ਰਹੀ ਹੈ।

ਅਲਬਰਟਾ ਦੀ ਸਰਕਾਰ ਨੇ ਅਧਿਆਪਕਾਂ ਅਤੇ ਸਕੂਲ ਅਧਿਕਾਰੀਆਂ ਤੋਂ ਸੁਣਿਆ ਹੈ ਕਿ ਕਲਾਸਰੂਮ ਲਗਾਤਾਰ ਜਟਿਲ ਬਣਦੇ ਜਾ ਰਹੇ ਹਨ। ਅਲਬਰਟਾ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਦੀਆਂ ਵਿਭਿੰਨ ਬੋਧਾਤਮਕ, ਸਮਾਜਿਕ ਅਤੇ ਭਾਵਨਾਤਮਕ ਲੋੜਾਂ ਹਨ। ਕੁਝ ਵਿਦਿਆਰਥੀਆਂ ਦੀਆਂ ਸਿੱਖਣ ਸੰਬੰਧੀ ਅਸਮਰਥਤਾਵਾਂ ਜਾਂ ਵਿਵਹਾਰ ਸੰਬੰਧੀ ਚੁਣੌਤੀਆਂ ਹੋ ਸਕਦੀਆਂ ਹਨ, ਅਤੇ ਦੂਜਿਆਂ ਨੂੰ ਇੱਕ ਵਾਧੂ ਭਾਸ਼ਾ ਵਜੋਂ ਅੰਗਰੇਜ਼ੀ ਸਿੱਖਣ ਲਈ ਵਾਧੂ ਸਹਾਇਤਾ ਦੀ ਲੋੜ ਹੋ ਸਕਦੀ ਹੈ।

ਬਜਟ 2023 ਰਾਹੀਂ ਵਾਧੂ ਫੰਡ ਮੁਹੱਈਆ ਕਰਵਾ ਕੇ ਅਲਬਰਟਾ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ ਕਿ ਹਰ ਵਿਦਿਆਰਥੀ ਨੂੰ ਉਹ ਸਹਾਇਤਾਵਾਂ ਮਿਲਣ ਜਿਸਦੀ ਉਸ ਨੂੰ ਆਪਣੀ ਪੜ੍ਹਾਈ ਵਿੱਚ ਕਾਮਯਾਬ ਹੋਣ ਲਈ ਲੋੜ ਹੈ।

**ਸਕੂਲਾਂ ਵਿੱਚ ਵਧੇਰੇ ਸਟਾਫ਼ ਲਈ ਵਧਾਈ ਗਈ ਫੰਡਿੰਗ**

ਤਿੰਨ ਸਾਲਾਂ ਵਿੱਚ $126 ਮਿਲੀਅਨ ਦੀ ਵਾਧੂ ਫੰਡਿੰਗ ਸਕੂਲ ਅਥਾਰਟੀਆਂ ਨੂੰ ਵਧੇਰੇ ਵਿਦਿਅਕ ਸਹਾਇਕ ਰੱਖਣ ਜਾਂ ਉਹਨਾਂ ਦੇ ਘੰਟੇ ਵਧਾਉਣ, ਸਟਾਫ਼ ਲਈ ਸਿਖਲਾਈ ਦੇ ਵਧੇਰੇ ਮੌਕੇ ਪ੍ਰਦਾਨ ਕਰਨ, ਅਤੇ/ਜਾਂ ਸਲਾਹਕਾਰ, ਮਨੋਵਿਗਿਆਨੀ, ਅਤੇ ਦੁਭਾਸ਼ੀਏ ਵਰਗੇ ਮਾਹਰਾਂ ਨੂੰ ਨਿਯੁਕਤ ਕਰਨ ਦੇ ਸਮਰੱਥ ਬਣਾਏਗੀ। ਕਲਾਸਰੂਮ ਵਿੱਚ ਵਧੇਰੇ ਅਧਿਆਪਕਾਂ ਅਤੇ ਹੋਰ ਸਟਾਫ਼ ਨਾਲ ਵਿਦਿਆਰਥੀਆਂ ਅਤੇ ਸਟਾਫ਼ ਦੋਵਾਂ ਲਈ ਸਿੱਖਣ ਦੇ ਮਾਹੌਲ ਨੂੰ ਬਿਹਤਰ ਬਣਾਉਣ ਵਿੱਚ ਮਦਦ ਮਿਲੇਗੀ। ਇਹ ਫੰਡਿੰਗ ਸਕੂਲ ਅਧਿਕਾਰੀਆਂ ਦੀ ਜਟਿਲ ਕਲਾਸਰੂਮਾਂ ਵਿੱਚ ਸਟਾਫ਼ ਸੰਬੰਧੀ ਸਹਾਇਤਾਵਾਂ ਵਧਾਉਣ ਵਿੱਚ ਮਦਦ ਕਰੇਗੀ, ਜਿਸ ਨਾਲ

ਵਿਦਿਆਰਥੀਆਂ ਦੇ ਤਜ਼ਰਬਿਆਂ ਵਿੱਚ ਸੁਧਾਰ ਹੋਵੇਗਾ ਅਤੇ ਉਹਨਾਂ ਦੇ ਨਿੱਜੀ ਅਤੇ ਸਮਾਜਿਕ ਵਿਕਾਸ 'ਤੇ ਸਕਾਰਾਤਮਕ ਪ੍ਰਭਾਵ ਪਵੇਗਾ।



ਕਲਾਸਰੂਮ ਜਟਿਲਤਾ ਫੰਡਿੰਗ 2023/2024 ਦੇ ਫੰਡਿੰਗ ਮੈਨੂਅਲ ਵਿੱਚ ਇੱਕ ਨਵੀਂ ਗ੍ਰਾਂਟ ਹੈ ਅਤੇ ਇਹ ਵਿਦਿਆਰਥੀ ਦਾਖਲੇ ਦੇ ਅਧਾਰ 'ਤੇ ਨਿਰਧਾਰਤ ਕੀਤੀ ਜਾਵੇਗੀ। ਇਸ ਨਾਲ ਕਾਗਜ਼ੀ ਕਾਰਵਾਈ ਨੂੰ ਘਟਾਉਣ ਅਤੇ ਸਕੂਲ ਅਥਾਰਟੀਆਂ 'ਤੇ ਪੈਣ ਵਾਲੇ ਪ੍ਰਸ਼ਾਸਨਿਕ ਬੋਝ ਨੂੰ ਵਧਾਉਣ ਤੋਂ ਬਚਣ ਵਿੱਚ ਮਦਦ ਮਿਲੇਗੀ। 2023-24 ਸਕੂਲੀ ਸਾਲ ਲਈ ਫੰਡਿੰਗ ਸਕੂਲ ਅਥਾਰਟੀਆਂ ਦੀ ਸੰਚਾਲਨ ਫੰਡਿੰਗ ਦੇ ਹਿੱਸੇ ਵਜੋਂ ਉਹਨਾਂ ਨੂੰ ਸਤੰਬਰ ਵਿੱਚ ਦਿੱਤੀ ਜਾਵੇਗੀ।

ਕਲਾਸਰੂਮ ਜਟਿਲਤਾ ਫੰਡਿੰਗ ਵਿੱਚ $126 ਮਿਲੀਅਨ ਤੋਂ ਇਲਾਵਾ, ਅਲਬਰਟਾ ਐਜੂਕੇਸ਼ਨ, ਐਡਮੰਟਨ ਪਬਲਿਕ ਸਕੂਲ ਡਿਵੀਜ਼ਨ ਨੂੰ ਵਿਦਿਅਕ ਸਹਾਇਕ ਇੰਟਰਨਸ਼ਿਪ ਲਈ ਇੱਕ ਪਾਇਲਟ ਪ੍ਰੋਜੈਕਟ ਦਾ ਸਮਰਥਨ ਕਰਨ ਲਈ $506,000 ਦੀ ਇੱਕ ਵੱਖਰੀ ਗ੍ਰਾਂਟ ਮੁਹੱਈਆ ਕਰ ਰਹੀ ਹੈ। ਇੱਕ ਵਾਰ ਪ੍ਰੋਗਰਾਮ ਤਿਆਰ ਹੋ ਜਾਣ ਅਤੇ ਇਸਦਾ ਪ੍ਰਯੋਗ ਪੂਰਾ ਹੋ ਜਾਣ ਤੋਂ ਬਾਅਦ, ਇਹ ਪ੍ਰੋਗਰਾਮ ਸੂਬੇ ਦੀਆਂ ਸਾਰੇ ਸਕੂਲ ਅਥਾਰਟੀਆਂ ਲਈ ਕਲਾਸਰੂਮਾਂ ਵਿੱਚ ਵਿਦਿਅਕ ਸਹਾਇਕ ਵਿਕਸਤ ਕਰਨ ਅਤੇ ਉਹਨਾਂ ਨੂੰ ਬਰਕਰਾਰ ਰੱਖਣ ਲਈ ਵਿਆਪਕ ਤੌਰ 'ਤੇ ਉਪਲਬਧ ਹੋਵੇਗਾ।

## ਸਿੱਖਣ ਵਿੱਚ ਰੁਕਾਵਟਾਂ ਨੂੰ ਹੱਲ ਕਰਨਾ

ਮਹਾਂਮਾਰੀ ਦੇ ਕਾਰਨ ਸਿੱਖਣ ਵਿੱਚ ਰੁਕਾਵਟਾਂ ਨੇ ਵੀ ਕਲਾਸਰੂਮ ਦੀ ਜਟਿਲਤਾ ਨੂੰ ਵਧਾਇਆ ਹੈ। COVID-19 ਦੇ ਨਤੀਜੇ ਵਜੋਂ ਦੂਰਵਰਤੀ ਅਤੇ ਵਿਅਕਤੀਗਤ ਤੌਰ 'ਤੇ ਸਿੱਖਣ ਵਿਚਕਾਰ ਬਦਲੀਆਂ ਅਤੇ ਸਟਾਫ਼ ਅਤੇ ਵਿਦਿਆਰਥੀਆਂ ਦੀ ਗੈਰਹਾਜ਼ਰੀ ਵਿੱਚ ਵਾਧਾ ਹੋਇਆ ਹੈ। ਬਾਕੀ ਬਚੇ ਸਿੱਖਣ ਦੇ ਪਾੜੇ ਨੂੰ ਪੂਰਾ ਕਰਨ ਅਤੇ ਐਲੀਮੈਂਟਰੀ ਵਿਦਿਆਰਥੀਆਂ ਦੇ ਪੜ੍ਹਨ ਅਤੇ ਗਣਿਤ ਦੇ ਹੁਨਰ ਨੂੰ ਮਜ਼ਬੂਤ ਕਰਨ ਲਈ, ਸਰਕਾਰ ਅਗਲੇ ਦੋ ਸਾਲਾਂ ਵਿੱਚ ਵਾਧੂ $20 ਮਿਲੀਅਨ ਵੀ ਖਰਚ ਕਰੇਗੀ।

**ਮੀਡੀਆ ਪੁੱਛਗਿੱਛ**

ਐਮਿਲੀ ਪੇਕਹੈਮ (Emily Peckham)
Emily.Peckham@gov.ab.ca
587-985-4305
ਪ੍ਰੈੱਸ ਸੈਕ੍ਰੇਟਰੀ, ਐਜੂਕੇਸ਼ਨ

2023-24 ਅਤੇ 2024-25 ਵਿੱਚ ਫੰਡਿੰਗ ਗ੍ਰੇਡ 1 ਤੋਂ 5 ਦੇ ਉਹਨਾਂ ਵਿਦਿਆਰਥੀਆਂ ਲਈ ਉਪਲਬਧ ਹੋਵੇਗੀ ਜਿਨ੍ਹਾਂ ਨੂੰ ਆਪਣੇ ਅੱਖਰ-ਗਿਆਨ ਅਤੇ ਅੰਕ-ਗਿਆਨ ਵਿੱਚ ਮਦਦ ਦੀ ਲੋੜ ਹੈ। ਅਲਬਰਟਾ ਦੀ ਸਰਕਾਰ COVID-19 ਕਰਕੇ ਹੋਏ ਵਿਦਿਆਰਥੀਆਂ ਦੀ ਪੜ੍ਹਾਈ ਦੇ ਨੁਕਸਾਨ ਦੀ ਰਿਕਵਰੀ ਵਿੱਚ ਸਹਾਇਤਾ ਕਰਨ ਲਈ 2025 ਤੱਕ ਕੁੱਲ $85 ਮਿਲੀਅਨ ਦਾ ਨਿਵੇਸ਼ ਕਰੇਗੀ। ਮਹਾਂਮਾਰੀ ਨੇ ਵਿਦਿਆਰਥੀਆਂ ਦੀ ਮਾਨਸਿਕ ਸਿਹਤ 'ਤੇ ਵੀ ਅਸਰ ਪਾਇਆ, ਇਸੇ ਕਰਕੇ ਅਲਬਰਟਾ ਦੀ ਸਰਕਾਰ ਨੇ ਪੂਰੇ ਸੂਬੇ ਵਿੱਚ 80 ਤੋਂ ਵੱਧ ਮਾਨਸਿਕ ਸਿਹਤ ਪਾਇਲਟ ਪ੍ਰੋਜੈਕਟਾਂ ਨੂੰ ਸਮਰਥਨ ਦੇਣ ਲਈ ਕੁੱਲ $50 ਮਿਲੀਅਨ ਮੁਹੱਈਆ ਕੀਤੇ।

*2023 ਦਾ ਬਜਟ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਿਹਤ-ਸੰਭਾਲ ਪ੍ਰਣਾਲੀ ਵਿੱਚ ਪਰਿਵਰਤਨ ਲਿਆ ਕੇ, ਜ਼ਿੰਦਗੀ ਜਿਉਣ ਦੀ ਉੱਚ ਲਾਗਤ ਵਿੱਚ ਅਲਬਰਟਾ ਦੇ ਲੋਕਾਂ ਦੀ ਸਹਾਇਤਾ ਕਰ ਕੇ, ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖ ਕੇ ਅਤੇ ਵਧੇਰੇ ਨੌਕਰੀਆਂ, ਉੱਚ ਗੁਣਵੱਤਾ ਵਾਲੀ ਸਿੱਖਿਆ ਅਤੇ ਨਿਰੰਤਰ ਵਿਵਿਧਤਾ ਨਾਲ ਆਰਥਿਕਤਾ ਨੂੰ ਅੱਗੇ ਵਧਾ ਕੇ ਅਲਬਰਟਾ ਦੇ ਭਵਿੱਖ ਨੂੰ ਸੁਰੱਖਿਅਤ ਕਰਦਾ ਹੈ।*

**ਬਜਟ 2023 ਦੀਆਂ ਸੁਰਖੀਆਂ**

- ਇਸ ਤੋਂ ਇਲਾਵਾ, 2023 ਦਾ ਬਜਟ ਅਗਲੇ ਤਿੰਨ ਸਾਲਾਂ ਵਿੱਚ ਅਧਿਆਪਕਾਂ, ਵਿਦਿਅਕ ਸਹਾਇਕਾਂ, ਬੱਸ ਡਰਾਈਵਰਾਂ ਅਤੇ ਸਕੂਲ ਸਹਾਇਕ ਸਟਾਫ਼ ਸਮੇਤ ਲਗਭਗ 3,000 ਸਿੱਖਿਆ ਸਟਾਫ਼ ਨੂੰ ਭਰਤੀ ਕਰਨ ਵਿੱਚ ਸਹਾਇਤਾ ਕਰੇਗਾ।
- ਅਲਬਰਟਾ ਐਜੂਕੇਸ਼ਨ ਦਾ 2023-24 ਵਿੱਚ ਏਕੀਕ੍ਰਿਤ ਬਜਟ $8.8 ਬਿਲੀਅਨ ਹੈ। ਇਹ ਪਿਛਲੇ ਸਾਲ ਨਾਲੋਂ ਪੰਜ ਫੀਸਦੀ ਵੱਧ ਹੈ।
- ਸਿੱਖਿਆ ਪ੍ਰਣਾਲੀ ਲਈ ਕੁੱਲ ਫੰਡਿੰਗ ਸਹਾਇਤਾ ਅਗਲੇ ਤਿੰਨ ਸਾਲਾਂ ਵਿੱਚ ਲਗਭਗ $2 ਬਿਲੀਅਨ ਵੱਧ ਰਹੀ ਹੈ, ਜਿਸ ਵਿੱਚ ਦਾਖਲੇ ਵਿੱਚ ਵਾਧੇ 'ਤੇ ਧਿਆਨ ਦੇਣ ਲਈ $820 ਮਿਲੀਅਨ ਵੀ ਸ਼ਾਮਲ ਹਨ। ਫੰਡਿੰਗ ਨਾਲ ਵਾਧੂ ਅਧਿਆਪਕਾਂ ਅਤੇ ਕਲਾਸਰੂਮ ਸਹਾਇਕ ਸਟਾਫ਼ ਨੂੰ ਨਿਯੁਕਤ ਕੀਤਾ ਜਾ ਸਕੇਗਾ, ਤਾਂ ਜੋ ਸਕੂਲ ਅਧਿਕਾਰੀ ਕਲਾਸ ਦੇ ਆਕਾਰ ਅਤੇ ਵਿਦਿਆਰਥੀਆਂ ਦੀ ਵੱਧ ਰਹੀ ਗਿਣਤੀ ਦਾ ਪ੍ਰਬੰਧਨ ਕਰ ਸਕਣ।
- 2023 ਦੇ ਬਜਟ ਵਿੱਚ ਅਲਬਰਟਾ ਦੇ ਸਭ ਤੋਂ ਕਮਜ਼ੋਰ ਵਿਦਿਆਰਥੀਆਂ, ਵਿਸ਼ੇਸ਼ ਸਿਖਲਾਈ ਦੀਆਂ ਲੋੜਾਂ ਵਾਲੇ ਅਤੇ ਸਕੂਲ ਵਿੱਚ ਵਾਧੂ ਮਦਦ ਦੀ ਲੋੜ ਵਾਲੇ ਵਿਦਿਆਰਥੀਆਂ ਲਈ ਲਗਭਗ $1.5 ਬਿਲੀਅਨ ਦੀ ਪੜ੍ਹਾਈ ਵਿੱਚ ਸਹਾਇਤਾ ਵਾਲੀ ਫੰਡਿੰਗ ਵੀ ਸ਼ਾਮਲ ਹੈ

- ਇਸ ਵਿੱਚ ਵਿਸ਼ੇਸ਼ ਸਿਖਲਾਈ ਸਹਾਇਤਾ (Specialized Learning Supports), ਪ੍ਰੋਗਰਾਮ ਯੂਨਿਟ ਫੰਡਿੰਗ, ਇੱਕ ਵਾਧੂ ਭਾਸ਼ਾ ਵਜੋਂ ਅੰਗਰੇਜ਼ੀ, ਸ਼ਰਨਾਰਥੀ ਵਿਦਿਆਰਥੀ, ਫ੍ਰਸਟ ਨੇਸ਼ਨਜ਼, ਮੇਟਿਸ ਅਤੇ ਇਨਿਊਟ ਸ਼ਾਮਲ ਹਨ।
- ਇਹਨਾਂ ਵਿੱਚੋਂ ਜ਼ਿਆਦਾਤਰ ਗ੍ਰਾਂਟਾਂ ਲਈ ਫੰਡਿੰਗ ਦਰ 2023/24 ਸਕੂਲੀ ਸਾਲ ਲਈ 10 ਪ੍ਰਤਿਸ਼ਤ ਤੱਕ ਵਧੇਗੀ ਤਾਂ ਜੋ ਸਿੱਖਣ ਦੀਆਂ ਜਟਿਲ ਲੋੜਾਂ ਦਾ ਪ੍ਰਬੰਧਨ ਕਰਨ ਅਤੇ ਮਹਿੰਗਾਈ ਦੀ ਲਾਗਤ ਦੇ ਦਬਾਅ 'ਤੇ ਧਿਆਨ ਦੇਣ ਵਿੱਚ ਸਕੂਲ ਅਥਾਰਟੀਆਂ ਦੀ ਮਦਦ ਕੀਤੀ ਜਾ ਸਕੇ।